**International Journal of Advanced Education and Research**
**ISSN: 2455-5746, Impact Factor: RJIF 5.34**
**www.newresearchjournal.com/education**
**Volume 1; Issue 4; April 2016; Page No. 69-70**

# ਜਸਵੰਤ ਸਿੰਘ ਕੰਵਲ ਦਾ ਨਾਵਲ “ ਭਵਾਨੀ” : ਪ੍ਰਗਤੀਵਾਦੀਸੁਰ ਅਤੇ ਨਾਰੀ ਚੇਤਨਾ

**Dr. Rachhpal Singh Uppal**
Guru Nanak Khalsa College, Abohar, Punjab, India

## Introduction

ਜਸਵੰਤ ਸਿੰਘ ਕੰਵਲ ਪੰਜਾਬੀ ਦਾ ਇਕ ਸਿਰਮੌਰ ਅਤੇ ਸਮਰੱਥ ਨਾਵਲਕਾਰ ਹੈ ਜਿਸ ਨੇ ਹੁਣ ਤੱਕ ਲੱਗਭਗ ਪੌਣੇ ਦੋ ਦਰਜਨ ਨਾਵਲ ਲਿਖ ਕੇ ਪੰਜਾਬੀ ਨਾਵਲ ਜਗਤ ਨੂੰ ਵਿਸ਼ਾਲਤਾ ਪ੍ਰਦਾਨ ਕੀਤੀਹੈ। ਜਸਵੰਤ ਸਿੰਘ ਕੰਵਲ ਉਸ ਦੌਰ ਦਾ ਨਾਵਲਕਾਰ ਹੈ ਜਿਸਨੂੰ ਸਾਹਿਤਕ ਜਾਗ੍ਰਤੀ ਦਾ ਸਮਾਂ ਕਿਹਾ ਜਾ ਸਕਦਾ ਹੈ ਉਹ ਵੇਲਾ ਜਦੋ ਨਾਵਲ ਧਾਰਮਿਕ ਵਲਗਣਾ ਨੂੰ ਤੋੜ ਕੇ ਸਮਾਜਿਕ ਖੇਤਰ ਵਿਚ ਵਿਚਰਦਿਆਂ ਸਾਮਵਾਦੀ ਰੁਚੀਆਂ ਨੂੰ ਅਪਣਾਉਂਦਾ ਹੈ। ਇਸ ਅਵਸਥਾ ਵਿਚ ਪਹੁੰਚ ਕੇ ਪਹਿਲੀਵਾਰ ਨਾਵਲਕਾਰ ਸਮਾਜਿਕ ਔਕੜਾਂ ਦੀ ਜੜ੍ਹ ਆਰਥਿਕ ਪ੍ਰਬੰਧ ਵਿਚ ਲੱਭਦੇ ਹੋਏ ਕਿਰਤੀਆਂ ਅਤੇ ਕਾਮਿਆਂ ਨੂੰ ਨਾਵਲਾਂ ਦੇ ਨਾਇਕ ਐਲਾਨਦੇ ਹੋਏ ਸਮਾਜਿਕ ਢਾਂਚੇ ਵਿਰੁੱਧ ਅੰਦੋਲਨ ਕਰਨ ਲਈ ਪ੍ਰੇਰਦੇ ਹਨ। ਸੋ ਨਾਵਲਾਂ ਵਿਚ ਨਿੱਜੀ ਉਲਝਣਾ ਦੀ ਥਾਂ ਸਮੂਹਿਕ ਸਮੱਸਿਆਵਾਂ ਦੀ ਪੇਸ਼ਕਾਰੀ ਰਾਹੀਂ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਰੂਪਮਾਨ ਕੀਤਾ ਜਾਣ ਲੱਗਾ ਸੀ।

ਸਰਵਭਾਰਤੀ ਪ੍ਰਗਤੀਵਾਦੀ ਲੇਖਕ ਸੰਘ ਜਿਸਦੀ ਸਥਾਪਨਾ 1936 ਈ. ਹੋਈ, ਦਾ ਪਹਿਲਾ ਸੰਮੇਲਨ ਲਖਨਊ ਵਿਖੇ ਮੁਨਸ਼ੀ ਪ੍ਰੇਮ ਚੰਦ ਦੀ ਪ੍ਰਧਾਨਗੀ ਹੇਠ ਹੋਇਆ। ਇਸ ਦਾ ਮੁੱਖ ਉਦੇਸ਼ ਹੀ ਪ੍ਰਗਤੀਸ਼ੀਲ ਲੇਖਕਾਂ ਅਤੇ ਅਨੁਵਾਦਕਾਂ ਨੂੰ ਉਤਸ਼ਾਹਿਤ ਕਰਨਾ ਅਤੇ ਪਿਛਾਂਹ ਖਿਚੂ ਪਰਵਿਰਤੀਆਂ ਵਿਰੁੱਧ ਸੰਘਰਸ਼ ਕਰਕੇ ਦੇਸ਼ ਵਾਸੀਆਂ ਦੇ ਸਵਾਧੀਨਤਾ ਸੰਗਰਾਮ ਨੂੰ ਅੱਗੇ ਵਧਾਉਣਾ ਅਤੇ ਸੁਤੰਤਰਤਾ ਤੇ ਸੁੰਤਤਰ ਵਿਚਾਰਾਂ ਦੀ ਰੱਖਿਆ ਕਰਨਾ ਸੀ। ਇਸ ਸੰਘ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਹੀ ਸੰਤ ਸਿੰਘ ਸੇਖੋਂ, ਸੁਰਿੰਦਰ ਸਿੰਘ ਨਰੂਲਾ, ਨਾਨਕ ਸਿੰਘ, ਕਰਤਾਰ ਸਿੰਘ ਦੁੱਗਲ, ਜਸਵੰਤ ਸਿੰਘ ਕੰਵਲ ਆਦਿ ਨੇ ਸਾਹਿਤ ਰਚਨਾ ਆਰੰਭ ਕੀਤੀ।

ਪ੍ਰਗਤੀਵਾਦੀ ਨਾਵਲ ਦਾ ਆਰੰਭ ਨਾਨਕ ਸਿੰਘ ਦੇ ਨਾਵਲ ਗ਼ਰੀਬ ਦੀ ਦੁਨੀਆਂ ਤੋਂ ਹੀ ਮੰਨਿਆ ਜਾਂਦਾ ਹੈ ਜਿਸ ਵਿਚ ਉਸਨੇ ਪਹਿਲੀ ਵਾਰ ਸਰਮਾਇਦਾਰੀ ਤੇ ਮਜ਼ਦੂਰ ਸ਼੍ਰੇਣੀ ਦੀ ਸਿੱਧੀ ਟੱਕਰ ਨੂੰ ਰੂਪਮਾਨ ਕੀਤਾ ਹੈ। ਪਰ ਪ੍ਰਗਤੀਵਾਦੀ ਨਾਵਲਕਾਰ ਦੇ ਤੌਰ ਤੇ ਸਭ ਤੋ ਵੱਧ ਲੋਕਪ੍ਰਿਯਤਾ ਜਸਵੰਤ ਸਿੰਘ ਕੰਵਲ ਨੂੰ ਹੀ ਹਾਸਿਲ ਹੈ। ਕੰਵਲ ਆਪਣੀਆਂ ਰਚਨਾਵਾਂ ਵਿਚ ਖੱਬੇ ਪੱਖੀ ਲਹਿਰ ਨੂੰ ਉਸ ਦੇ ਕ੍ਰਾਂਤੀਕਾਰੀ ਸੰਗਠਨ, ਕਮਿਊਨਿਸਟ ਪਾਰਟੀ ਨਾਲ ਵਿਵਹਾਰਿਕ ਰੂਪ ਵਿੱਚ ਜੋੜ ਕੇ ਪ੍ਰਸਤੂਤ ਕਰਦਾ ਹੈ। ਇਸ ਲਈ ਉਸ ਉਪਰ ਇਹ ਇਲਜ਼ਾਮ ਵੀ ਲਗਦਾ ਹੈ ਕਿ ਉਹ ਸਮਾਜਵਾਦੀ ਵਿਚਾਰਧਾਰਾ ਦਾ ਸਿੱਧਾ-ਸਿੱਧਾ ਪ੍ਰਚਾਰ ਕਰਦਾ ਹੈ। ਸੋ ਇਸ ਤਰ੍ਹਾਂ ਕੰਵਲ ਆਪਣੀਆਂ ਰਚਨਾਵਾਂ ਵਿਚ ਕਮਿਊਨਿਸਟ ਪਾਰਟੀ ਦੇ ਸ਼੍ਰੇਣੀ ਸੰਘਰਸ਼ ਨੂੰ ਹੀ ਚਿਤਰਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਦੀ ਮਿਸਾਲ ਉਸਦੇ ਨਾਵਲਾਂ ‘ਰਾਤ ਬਾਕੀ ਹੈ’ ‘ਰੂਪਧਾਰਾ’ ਲਹੂ ਦੀ ਲੋਅ, ਐਨਿਆਂ ਚੋਂ ਉੱਠੋ ਸੂਰਮਾ ਵਿਚੋਂ ਸਹਿਜੇ ਹੀ ਦੇਖੀ ਜਾ ਸਕਦੀ ਹੈ। ਪ੍ਰੰਤੂ ਇਥੇ ਅਸੀਂ ਸਿਰਫ ਨਾਵਲ ‘ਭਵਾਨੀ’ ਨੂੰ ਹੀ ਅਧਾਰ ਬਣਾਇਆ ਹੈ ਜਿਸ ਵਿਚੋਂ ਅਸੀਂ ਉਸਦੇ ਪ੍ਰਗਤੀਵਾਦੀ ਅੰਸ਼ ਅਤੇ ਨਾਰੀ ਸਰੋਕਾਰਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ।

‘ਭਵਾਨੀ’ (1963) ਕੰਵਲ ਦਾ ਦੂਸਰਾ ਪ੍ਰਗਤੀਵਾਦੀ ਰਾਜਨੀਤਿਕ ਨਾਵਲ ਹੈ। ਇਸ ਨਾਵਲ ਨੂੰ ਯਥਾਰਥ ਚਿੱਤਰਣ ਦ੍ਰਿਸ਼ਟੀ ਤੋਂ ਦੇਖਣ ਲਈ ਦੋ ਪੱਖਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਪਹਿਲਾਂ ਇਕ ਪਾਸੇ ਲੇਖਕ ਇਕ ਚੰਗੇ ਕਮਿਊਨਿਸਟ ਦਿਆਲ ਸਿੰਘ ਦਾ ਪ੍ਰਤਿਮਾਨ ਕਰਦਾ ਹੈ। ਜਿਸ ਵਿੱਚ ਸੁਹਿਰਦਤਾ, ਤਿੱਖੀ ਬੌਧਿਕ ਸੂਝ, ਦੂਰ-ਦਰਸ਼ਿਟਤਾ, ਪਾਰਟੀ ਅੰਦਰ ਵਿਚਾਰਧਾਰਕ ਜਦੋਜਹਿਦ ਕਰਨ ਦੀ ਸਮਰੱਥਾ ਅਤੇ ਆਪਣੇ ਨਿਸ਼ਾਨੇ ਪ੍ਰਤੀ ਸਪੱਸ਼ਟਤਾ ਤੇ ਨਿਰੰਤਰ ਸੁਹਿਰਦਤਾ ਸ਼ਾਮਿਲ ਹੈ ਅਤੇ ਦੂਜੇ ਪਾਸੇ ਨਾਵਲ ਦੀ ਨਾਇਕਾ ‘ਕਰਮਜੀਤ’। ਜਿਹੜੀ ‘ਕਰਮ’ ਨੂੰ ਜਿੱਤਣ ਵਾਲੀ ਹੈ, ਜਿਹੜੀ ਸੰਘਰਸ਼ ਤੇ ਜਿੱਤ ਦੀ ਦੇਵੀ ‘ਭਾਵਨੀ’ ਹੈ।ਇਸ ਤੋਂ ਇਲਾਵਾ ਕੰਵਲ, ਬਾਬਾ ਦਿਆਲ ਸਿੰਘ ਦੇ ਜੀਵਨ-ਤਣਾਉ ਦੇ ਯਥਾਰਥ ਨੂੰ ਬਿਰਤਾਂਤ ਰੂਪ ਵਿਚ ਪ੍ਰਸਤੁਤ ਕਰਦਾ ਹੋਇਆ ਉਸ ਦੀ ਪਤਨਗ੍ਰਸਤ ਜ਼ਿੰਦਗੀ ਦੀ ਵਾਸਤਵਿਕਤਾ ਨੂੰ ਰੂਪਮਾਨ ਕਰਦਾ ਹੈ।

ਕਮਿਊਨਿਸਟ ਬਾਬਾ ਦਿਆਲ ਮੱਧ-ਸ਼੍ਰੇਣਿਕ ਕਿਸਾਨ ਪਰਿਵਾਰ ਦਾ ਜੰਮ ਪਲ ਹੈ, ਜਿਸ ਨੇ ਪਹਿਲਾਂ ਪਰਜਾ-ਮੰਡਲ ਵਿੱਚ ਸ਼ਾਮਿਲ ਹੋ ਕੇ ਦੇਸ਼ ਦੀ ਅਜ਼ਾਦੀ ਲਈ ਘੋਲ ਕੀਤਾ ਤੇ ਫਿਰ ਮੁਲਕ ਵਿੱਚ ਅਜ਼ਾਦੀ ਆ ਜਾਣ ਤੋਂ ਬਾਅਦ, ਜਦੋਂ ਦੇਸ਼ ਦੀ ਵਾਗਡੋਰ ਸਰਮਾਏਦਾਰਾਂ ਨੇ ਸਾਂਭ ਲਈ, ਤਾਂ ਉਸ ਨੇ ਆਮ ਲੋਕਾਂ ਦੀ ਆਰਥਿਕ ਅਜ਼ਾਦੀ ਵਾਸਤੇ ਕਿਰਤੀ ਕਿਸਾਨ ਪਾਰਟੀ ਵਿੱਚ ਸ਼ਾਮਿਲ ਹੋ ਕੇ ਸਰਮਾਏਦਾਰਾਂ ਅਤੇ ਕਾਂਗਰਸ ਪਾਰਟੀ ਵਿਰੁੱਧ ਸੰਘਰਸ਼ ਆਰੰਭ ਕਰ ਦਿੱਤਾ। ਦੂਜੇ ਪਾਸੇ, ਕਾਂਗਰਸ ਪਾਰਟੀ ਨੇ ਅਜਿਹੇ ਉਦਾਰਵਾਦੀ ਅੰਸਰਾਂ ਨੂੰ ਆਪਣੇ ਨਾਲ ਜੋੜੀ ਰੱਖਣ ਵਾਸਤੇ ਕਈ ਸੁਵਿਧਾਵਾਂ ਦੀ ਘੋਸ਼ਣਾ ਕੀਤੀ ਜਿਸ ਨਾਲ ਬਾਬਾ ਦਿਆਲ ਸਿੰਘ ਵਰਗਾ ਸੁਹਿਰਦ ਦੇਸ਼-ਭਗਤ, ਕਾਂਗਰਸ ਹਕੂਮਤ ਦੇ ਪ੍ਰਭਾਵ ਥੱਲੇ ਆ ਗਿਆ। ਦੁਖਾਂਤਕ ਸਥਿਤੀ ਇਹ ਕਿ ਜਿਹੜਾ ਵਿਅਕਤੀ ਸਾਰੀ ਜ਼ਿੰਦਗੀ ਆਵਾਮ ਦੀ ਖ਼ਾਤਰ ਨਿਰੰਤਰ ਜੂਝਦਾ ਰਿਹਾ, ਪਰ ਉਹ ਆਪਣੇ ਆਪ ਨੂੰ ਕਿਰਤੀਆਂ ਦੀ ਚੇਤਨਾ ਨਾਲ ਇਕ ਸੁਰ ਨਾ ਕਰ ਸਕਿਆ।

ਨਾਵਲਕਾਰ ਦਿਆਲ ਸਿੰਘ ਦੇ ਰਾਜਨੀਤਿਕ ਪਿਛੋਕੜ ਤੇ ਚਾਨਣਾ ਪਾ ਕੇ ਉਸ ਦੀ ਜ਼ਿੰਦਗੀ ਦੇ ਪਹਿਲੇ ਹਿੱਸੇ ਨੂੰ ਗੌਰਵ ਪ੍ਰਦਾਨ ਕਰਦਾ ਹੈ ਅਤੇ ਫਿਰ ਉਹ ਇਸ ਗੌਰਵਮਈ ਪਦਵੀਂ ਤੋਂ ਉਸ ਦੀ ਪਤਨਗ੍ਰਸਤ ਜ਼ਿੰਦਗੀ ਦੇ ਚਿਤਰ ਨੂੰ ਉਲੀਕਦਾ ਹੈ।ਦਿਆਲ ਸਿੰਘ ਕਾਂਗਰਸ ਵਿੱਚ ਸ਼ਾਮਿਲ ਹੋ ਕੇ ਪਾਰਟੀ ਤੋਂ ਆਪਣਾ ਬਦਲਾ ਲੈਣ ਵਾਸਤੇ ਸਭ ਤੋਂ ਪਹਿਲਾਂ ਆਪਣੇ ਅਜ਼ੀਜ਼ ਸੁਲੱਖਣ ਨੂੰ ਆਪਣੀ ਕੂਟਨੀਤੀ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਹੈ। ਬਾਬਾ ਦਿਆਲ ਸਿੰਘ ਦੇ ਪਾਰਟੀ ਛੱਡ ਕਾਂਗਰਸ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਸੁਲੱਖਣ ਹੀ ਇਲਾਕੇ ਦਾ ਨੇਤਾ ਰਹਿ ਗਿਆ ਸੀ। ਪਰ ਸੁਲੱਖਣ ਜਿਹੜਾ ਕਿਸੇ ਸਮੇਂ ਬਾਬੇ ਦੀਆਂ ਕੁਰਬਾਨੀਆਂ ਤੇ ਜਦੋਜਹਿਦ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਦੇ ਨੇੜੇ ਆਇਆ ਸੀ। ਉਹ ਬਾਬੇ ਦੀ ਇਸ ਤਬਦੀਲੀ ਤੋਂ ਬਹੁਤ ਦੁੱਖੀ ਹੁੰਦਾ ਹੈ। ਸੁਲੱਖਣ, ਇਸ ਕਾਰਣ ਦਿਆਲ ਸਿੰਘ ਤੇ ਉਸ ਦੀ ਇਕਲੋਤੀ ਬੇਟੀ ‘ਕਰਮਜੀਤ’ ਜਿਸ ਨਾਲ ਉਸ ਦੀ ਭਾਵਕ ਸਾਂਝ ਬਣ ਚੁੱਕੀ ਹੈ, ਨਾਲ ਸਦਾ ਲਈ ਤੋੜ-ਵਿਛੋੜਾ ਕਰਕੇ ਚਲਾ ਜਾਂਦਾ ਹੈ।

ਨਾਵਲਕਾਰ ਨੇ ਬਾਬੇ ਦਿਆਲ ਸਿੰਘ ਦਾ ਨਿੱਜੀ ਹਿੱਤ ਵਧੇਰੇ ਭਾਰੂ ਦਿਖਾਇਆ ਹੈ। ਉਹ ਸੁਲੱਖਣ ਨੂੰ ਵੀ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਕਰਨਾ ਚਾਹੁੰਦਾ ਹੈ ਤਾਂ ਜੋ ਇਕ ਤਾਂ ਉਹ ਆਪਣੀ ਧਿਰ ਬਣਾ ਸਕੇ, ਦੂਜਾ ਉਸ ਨਾਲ ਕਰਮਜੀਤ ਦਾ ਰਿਸ਼ਤਾ ਕਰ ਦੇਵੇ, ਤੇ ਤੀਜਾ ਪਾਰਟੀ ਤੋਂ ਆਪਣਾ ਬਦਲਾ ਲੈ ਸਕੇ। ਪਰੰਤੂ ਬਾਬੇ ਦੀਆਂ ਆਸਾਂ ਉਤੇ ਉਸ ਸਮੇਂ ਪਾਣੀ ਫਿਰ ਜਾਂਦਾ ਹੈ ਜਦੋਂ ਸੁੱਲਖਣ ਆਪਣੀ ਪਾਰਟੀ ਦੇ ਹਿੱਤ ਪ੍ਰਤੀ ਵਫ਼ਾਦਰੀ ਨਿਭਾਉਂਦਾ ਹੋਇਆ ਬਾਬੇ ਦੇ ਘਰ ਤੇ ਕਰਮਜੀਤ ਨੂੰ ਹਮੇਸ਼ਾ ਲਈ ਤਿਆਗ ਦਿੰਦਾ ਹੈ। ਨਾਵਲ ਦੇ ਨਾਇਕ ਸੁੱਲਖਣ ਦੇ ਰਾਹ ਵਿੱਚ ਆਈਆਂ ਮੁਸ਼ਕਲਾਂ ਬਾਰੇ ਨਾਵਲਕਾਰ ਇਸ ਤਰ੍ਹਾਂ ਵਿਚਾਰ ਪੇਸ਼ ਕਰਦਾ ਹੈ:-

> “ਜੂਝਨਾ ਮੇਰਾ ਧਰਮ ਹੈ। ਔਕੜਾਂ ਨਹੀਂ ਆਉਣਗੀਆਂ, ਕਾਮਯਾਬੀ ਕਿਥੋ? ਔਕੜਾਂ ਤਾਂ ਇਨਕਲਾਬ ਦੀਆਂ ਜੰਮਣ-ਪੀੜਾ ਹੁੰਦੀਆਂ ਹਨ।[1]

ਇਥੇ ਸੁੱਲਖਣ ਰਾਹੀਂ ਕੰਵਲ ਆਪਣੀ ਨਿਰੋਲ ਵਿਚਾਰਧਾਰਾ ਦਰਸਾਣ ਵਿੱਚ ਸਫ਼ਲ ਹੋਇਆ ਹੈ। ਕੰਵਲ ਦੀ ਵਿੱਲਖਣ ਗੱਲ ਇਥੇ ਇਹ ਹੈ ਕਿ ਉਸ ਨੇ ਪਹਿਲੀ ਵਾਰ ਨਾਵਲ ਵਿੱਚ ਅਜਿਹੇ ਨਾਇਕ ਦੀ ਚੋਣ ਕੀਤੀ ਹੈ ਜੋ ਵਿਦਿਆਰਥੀ ਜੀਵਨ ਤੋਂ ਸਰਕਾਰੀ ਗਲਤ-ਕੀਮਤਾਂ ਦਾ ਬਾਈਕਾਟ ਕਰਦਾ ਆ ਰਿਹਾ ਹੈ। ਇਸ ਕਰਕੇ ਉਸ ਨੂੰ ਐਮ.ਏ. ਕਰਨ ਉਪਰੰਤ ਸਰਕਾਰੀ ਨੌਕਰੀ ਨਾ ਮਿਲ ਸਕੀ ਤੇ ਉਹ ਕਿਸੇ ਪ੍ਰਾਈਵੇਟ ਕਾਲਜ ਵਿੱਚ ਪ੍ਰੋਫੈਸਰ ਲੱਗ ਗਿਆ। ਪਰ ਜਦੋਂ ਉਹ

ਪਾਰਟੀ-ਕਾਰਜ ਦੀ ਮੁਕੰਮਲ ਕਾਮਯਾਬੀ ਨਾ ਹੁੰਦੀ ਵੇਖਦਾ ਹੈ ਤਾਂ ਨੌਕਰੀ ਛੱਡ ਕੇ ਮੁੜ ਪਾਰਟੀ ਦਾ ਵਰਕਰ ਬਣ ਜਾਂਦਾ ਹੈ। ਇਸ ਪਿੱਛੋਂ ਛੇਤੀ ਹੀ ਜਿਲ੍ਹੇ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਲੈਂਦਾ ਹੈ। ਉਹ ਪਾਰਟੀ ਖ਼ਾਤਰ ਦਿਨ ਰਾਤ ਇਕ ਕਰਕੇ ਮੋਰਚੇ ਨੂੰ ਸਫ਼ਲ ਹੋਇਆ ਵੇਖਣਾ ਚਾਹੁੰਦਾ ਹੈ। ਉਹ ਆਪਣੀ ਪ੍ਰੇਮਿਕਾ, ਜੋ ਉਸ ਦਾ ਨਾਂ-ਜਪਦੀ ਨਹੀਂ ਥੱਕਦੀ ਦਾ ਵੀ ਖਾਸ ਖਿਆਲ ਨਹੀਂ ਰੱਖਦਾ। ਪਰ ਦੂਜੇ ਪਾਸੇ ਕਰਮਜੀਤ ਉਸ ਖ਼ਾਤਰ ਕਈ ਕਸ਼ਟ ਸਹਿੰਦੀ ਹੋਈ ਵੀ ਜਦੋਂ ਉਸ ਨੂੰ ਬਚਾਉਣ ਲਈ ਵਾਪਸ ਪਰਤਣ ਲਈ ਕਹਿੰਦੀ ਹੈ ਤਾਂ ਉਥੇ ਸੁੱਲਖਣ ਨੂੰ ਮੋਰਚੇ ਦੇ ਕਾਰਜ ਤੋਂ ਬਿਨਾਂ ਕੁਝ ਹੋਰ ਨਹੀਂ ਅਹੁੜਦਾ ਤੇ ਉਹ ਕਹਿੰਦਾ ਹੈ:-

> "ਕਰਮਜੀਤ ਤੈਨੂੰ ਪਤਾ ਹੈ ਮੋਰਚਾ ਪੂਰਾ ਗਰਮ ਹੈ ਇਸ ਵੇਲੇ। ਮੇਰੇ ਲਈ ਮੋਰਚਾ ਜ਼ਿੰਦਗੀ ਮੌਤ ਦਾ ਸਵਾਲ ਬਣਿਆ ਹੋਇਆ ਹੈ। ਮਨੋਰਥ
> ਜਿੱਤ ਲੈਣ ਵਾਲੀ ਮੌਤ ਜ਼ਿੰਦਗੀ ਹੁੰਦੀ ਹੈ।....ਮੇਰੇ ਲਈ ਪਿੱਛੇ ਮੁੜਨਾ ਮੌਤ ਹੈ।"[2]

ਅਸਲ ਵਿਚ ਜਸਵੰਤ ਸਿੰਘ ਕੰਵਲ ਆਪਣੇ ਇਸ ਪਾਤਰ ਰਾਹੀਂ ਆਪਣੇ ਰਾਜਸੀ ਵਿਚਾਰਾਂ ਦਾ ਹੀ ਪ੍ਰਗਟਾਉ ਕਰ ਰਿਹਾ ਹੈ। ਇਸ ਦੇ ਨਾਲ ਹੀ ਕੰਵਲ ਦੀ ਪ੍ਰਾਪਤੀ ਇਹ ਵੀ ਹੈ ਕਿ ਉਸ ਨੇ ਇਹ ਮੋਰਚਾ ਨਿਰੋਲ ਆਰਥਿਕ ਆਧਾਰ ਤੇ ਲੜਿਆ ਜਾਂਦਾ ਵਿਖਾਇਆ ਹੈ।

ਨਾਵਲ ਵਿੱਚ ਜਿਥੋਂ ਤਕ ਮੂਲ ਸਮੱਸਿਆ ਦੀ ਉਤਪਤੀ ਦਾ ਸੰਬੰਧ ਹੈ ਤਾਂ ਉਹ ਇਸ ਤਰ੍ਹਾਂ ਹੈ ਕਿ ਜਦੋਂ ਕਰਮਜੀਤ ਦਾ ਪਿਤਾ ਬਾਬਾ ਦਿਆਲ ਸਿੰਘ, ਜਿਹੜਾ ਪਹਿਲਾਂ ਇੱਜ਼ਤਵਾਨ ਅਤੇ ਇਲਾਕੇ ਦਾ ਮੰਨਿਆ ਪ੍ਰਮੰਨਿਆ ਆਗੂ ਸੀ। ਪਾਰਟੀ ਬਦਲਣ ਨਾਲ ਸੁੱਲਖਣ ਪ੍ਰਤੀ ਆਪਣਾ ਰਵੱਈਆਂ ਵੀ ਬਦਲ ਲੈਂਦਾ ਹੈ, ਕਾਰਨ ਇਹ ਹੈ ਕਿ ਸੁੱਲਖਣ ਨੇ ਉਸ ਦੇ ਆਖੇ ਨਾ ਲੱਗ ਕੇ ਉਸ ਦੀ ਧੀ ਦਾ ਰਿਸ਼ਤਾ ਲੈਣੋਂ ਨਾਂਹ ਕਰ ਦਿੱਤੀ ਸੀ ਅਤੇ ਉਹ ਕਾਂਗਰਸ ਪਾਰਟੀ ਵਿੱਚ ਸ਼ਾਮਲ ਵੀ ਨਹੀਂ ਹੋਇਆ ਸੀ। ਇਸ ਸਾਰੀ ਗੱਲ ਦੇ ਪ੍ਰਤੀਰੋਸ ਵਜੋਂ ਦਿਆਲ ਸਿੰਘ ਸੁਲੱਖਣ ਨੂੰ ਮਾਰ-ਮੁਕਾਉਣ ਦੀਆਂ ਵਿਉਂਤਾ ਉਲੀਕਦਾ ਹੈ। ਬਾਬਾ ਇਕ ਦਿਨ ਦਾਰੂ ਛਕਾ ਦੇ ਇਕ ਟੋਲੇ ਨੂੰ ਸੁਲੱਖਣ ਦੀ 'ਜੈ-ਹਿੰਦ' ਬੁਲਾਉਣ ਲਈ ਭੇਜ ਦਿੰਦਾ ਹੈ। ਜਦੋਂ ਇਸ ਬਾਰੇ ਰਸੋਈ ਵਿੱਚ ਬੈਠਿਆ ਕਰਮਜੀਤ ਨੂੰ ਪਤਾ ਲੱਗਦਾ ਹੈ ਤਾਂ ਉਹ ਆਪੇ ਤੋਂ ਬਾਹਰ ਹੋਈ ਬੋਲਦੀ ਹੈ:-

> "ਉਹ ਆਪਣੇ ਪਿਤਾ ਜੀ ਤੋਂ ਹਰ ਬੁਰਾਈ ਦੀ ਆਸ ਕਰ ਸਕਦੀ ਸੀ, ਪਰ ਰਾਜਸੀ ਵਿਰੋਧਾਂ ਹਿੱਤ ਇਕ ਨਿਰਦੋਸ਼ ਮਨੁੱਖ ਦੇ ਖੂਨ ਕਰ ਦੇਣਾ ਵਰਗੀ
> ਨਿਰਦੈਤਾ ਬਾਰੇ ਸੋਚ ਵੀ ਨਹੀਂ ਸੀ ਸਕਦੀ.....ਸੁਲੱਖਣ ਨੂੰ 'ਜੈ ਹਿੰਦ' ਕਰ ਦੇਣਾ ਸੁਣ ਕੇ ਉਸ ਨੂੰ ਧਰਤੀ ਉਲਟਦੀ ਪ੍ਰਤੀਤ ਹੋਈ ਤੇ ਰਸੋਈ ਛੱਤ ਆਪਣੇ ਉਤੇ ਡਿੱਗਦੀ।"[3]

ਇਹਨਾਂ ਪਰਿਸਥਿਤੀਆਂ ਵਿੱਚ ਕਰਮਜੀਤ ਦੇ ਮਨ ਵਿੱਚ ਚੇਤਨਾਮਈ ਲਾਵਾ ਭੜਕ ਉੱਠਦਾ ਹੈ ਤੇ ਉਹ ਸੰਕਲਪ ਇਖ਼ਤਿਆਰ ਕਰਨ ਵੱਲ ਰੁਚਿਤ ਹੋ ਜਾਂਦੀ ਹੈ ਜੋ 'ਜ਼ੋਨ ਆਫ਼ ਆਰਕ' ਦਾ ਸੀ। ਕਰਮਜੀਤ 'ਭਵਾਨੀ' ਭਾਵ ਸ਼ਕਤੀ ਦੀ ਦੇਵੀ' ਦਾ ਰੂਪ ਧਾਰਨ ਕਰਨ ਵੱਲ ਰੁਚਿਤ ਹੋ ਜਾਂਦੀ ਹੈ। ਇਰਾਦਾ ਦ੍ਰਿੜ ਕਰਕੇ ਕਹਿੰਦੀ ਹੈ:-

> "...ਇਕ ਜੋਨ ਆਫ਼ ਆਰਕ ਪੂਰੇ ਫਰਾਂਸ ਦੀ ਇੱਜ਼ਤ ਪਾਲ ਸਕਦੀ ਹੈ, ਮੈਂ ਇਕ ਮਨੁੱਖ ਮਰਨੋ ਵੀ ਨਹੀਂ ਰੋਕ ਸਕੀ, ਆਪਣੇ ਘਰ ਦੀ ਲਾਜ ਵੀ ਨਹੀਂ ਰੱਖ ਸਕੀ। ਹਰਦੂੰ ਲਾਹਨਤ। ਕਤਲ ਇਕ ਸੁੱਚੇ ਮਨੁੱਖ ਦਾ ਨਹੀਂ ਹੋ ਰਿਹਾ, ਇਹ ਤਾਂ ਇਸਤਰੀ ਜ਼ਾਤ ਨੂੰ ਚੈਲੰਜ ਆ ਪਿਆ ਹੈ।"[4]

ਕਰਮਜੀਤ ਕੌਰ ਜਿਹੜੀ ਕਰਮ ਨੂੰ ਜਿੱਤਣ ਵਾਲੀ, ਸੰਘਰਸ਼ ਅਤੇ ਜਿੱਤ ਦੀ ਦੇਵੀ 'ਭਵਾਨੀ' ਹੈ, ਆਫ਼ਤਾਂ ਦੀ ਹਨ੍ਹੇਰੀ ਨਾਲ ਟੱਕਰ ਲੈਂਦੀ ਹੋਈ ਆਪਣੇ ਪਿਤਾ ਦਿਆਲ ਸਿੰਘ ਜੋ ਸਾਰੀ ਉਮਰ ਅਜ਼ਾਦੀ ਲਈ ਘੋਲ ਘੁਲ੍ਹਦਾ ਰਿਹਾ ਹੈ ਤੇ ਹੁਣ ਤੰਗਦਿਲੀ ਅਤੇ ਸਵਾਰਥਮਈ ਭਾਵਨਾ ਦਾ ਸ਼ਿਕਾਰ ਹੋਣ ਤੇ ਸੁਲੱਖਣ ਦੀ ਜਾਨ ਦਾ ਵੈਰੀ ਬਣਿਆ ਫਿਰਦਾ ਹੈ, ਦੇ ਵਿਰੋਧ ਵਿਚ ਨਿੱਤਰਦੀ ਹੋਈ ਸ਼ਰੇਆਮ ਐਲਾਨ ਕਰਦੀ ਹੈ:-

> " ਨਿੱਤ ਮਰਨ ਨਾਲੋਂ ਇਕ ਦਿਨ ਮਰਨਾ ਸੌਖਾ ਨਹੀਂ ? ਕਾਨੂੰਨ, ਧਰਮ ਤੇ ਇਖ਼ਲਾਕ ਦੇ ਸਿਰ ਸੁਆਹ ਪਾ ਕੇ ਕੋਈ ਮਰ ਸਕਦਾ ਹੈ,ਆਪਣਾ ਆਪ ਦੇ ਕੇ ਭਲਾ ਕੋਈ ਬਚਾ ਕਿਉਂ ਨਹੀਂ ਸਕਦਾ? ਸੱਚ ਨੇ ਸੁਖਿਆ ਤਾਂ ਨਹੀਂ, ਜੁਗੋ-ਜੁਗ ਸੂਲੀ ਚੜ੍ਹਨਾ।ਮੈਂ ਜਾਵਾਂਗੀ, ਜ਼ਰੂਰੀ ਜਾਵਾਂਗੀ। ਕੋਈ ਰੋਕ ਹੁਣ ਮੈਨੂੰ ਰੋਕ ਨਹੀਂ ਸਕਦੀ।"[5]

ਸੋ ਸੁਲੱਖਣ ਨੂੰ ਬਚਾਉਣ ਲਈ ਅਨੇਕਾਂ ਆਫ਼ਤਾਂ ਦੀ ਹਨ੍ਹੇਰੀ ਨਾਲ ਟੱਕਰ ਲੈਂਦੀ, ਮੁਸ਼ਕਲਾਂ ਨੂੰ ਵੰਗਾਰਦੀ ਮੌਤੋਂ ਨਾ ਡਰਦੀ ਹੋਈ ਕਰਮਜੀਤ ਉਸ ਮਨੁੱਖ ਕੋਲ ਪਹੁੰਚ ਜਾਂਦੀ ਹੈ, ਜਿਸ ਨੂੰ ਉਹ ਆਪਣੀ ਜ਼ਿੰਦਗੀ ਲਈ ਨੂਰ ਦਾ ਸਾਗਰ ਸਮਝਦੀ ਹੈ। ਇਸ ਤਰ੍ਹਾਂ ਇਥੇ ਆ ਕੇ ਕੰਵਲ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਔਰਤ ਮਰਦ ਦੇ ਫ਼ਟਾਂ ਦੀ ਮਲ੍ਹਮ ਹੈ ਨਾ ਕਿ ਉਹ ਉਸਦੀ ਦਾਸੀ ਹੈ:-

> "ਮਰਦ ਔਰਤ ਦੇ ਮੁਕਾਬਲੇ ਵਿੱਚ ਕਿਤੇ ਕੁਲੱਕੜ ਹੁੰਦਾ ਹੈ, ਭਾਵੇਂ ਤੀਂਵੀਂ ਮਰਦ ਬਿਨਾਂ ਕੁਝ ਨਹੀਂ ਹੁੰਦੀ, ਸੂਰਜ ਬਿਨਾਂ ਧਰਤੀ। ਫਿਰ ਵੀਂ ਤੀਵੀਂ ਮਰਦ ਦੇ ਫ਼ੱਟਾਂ ਦੀ ਮਲ੍ਹਮ ਹੈ। ਉਹਦੀਆਂ ਪੀੜਾਂ ਦਾ ਅਨੁਭਵ, ਪਾਪਾਂ ਦਾ ਪਛਤਾਵਾਂ।"[6]

ਕਰਮਜੀਤ ਦੀ ਕੀਤੀ ਕੁਰਬਾਨੀ ਬਾਰੇ ਸੋਚ ਕੇ ਸੁਲੱਖਣ ਦੇ ਮਨ ਵਿਚ ਜੋ ਵਿਚਾਰ ਮਨ-ਬਚਨੀ ਰਾਹੀਂ ਅੰਗੜਾਈ ਲੈਂਦਾ ਹੈ ਅਸਲ ਵਿਚ ਉਹ ਕੰਵਲ ਦੀ ਹੀ ਵਿਚਾਰਧਾਰਾ ਹੈ:-

> "ਔਰਤ ਤੂੰ ਮਹਾਨ ਏ। ਤੂੰ ਜ਼ਿੰਦਗੀ ਪੈਦਾ ਹੀ ਨਹੀਂ ਕਰਦੀ, ਉਹਦੇ ਲਈ ਮਰ ਵੀ ਸਕਦੀ ਏਂ।"[7]

ਸੋ ਨਾਵਲ ਦਾ ਸਾਰ ਤੱਥ ਇਸ ਸਥਿਤੀ ਦਾ ਹਾਮੀ ਹੈ ਕਿ ਲੇਖਕ ਸ਼ਕਤੀ ਦੀ ਪ੍ਰਤੀਕ 'ਭਵਾਨੀ' ਰਾਹੀਂ ਨਾਰੀ ਵਿਚ ਆਈ ਚੇਤਨਾ ਨੂੰ ਅਗਰਭੂਮੀ ਤੇ ਲਿਆਉਂਦਾ ਹੈ। ਕਰਮਜੀਤ ਭਵਾਨੀ ਦੇ ਰੂਪ ਵਿਚ ਸਮਾਜ ਦੀਆਂ ਆਦਰਸ਼ਕ ਧੀਆਂ, ਭੈਣਾਂ ਪ੍ਰੇਮਿਕਾਵਾਂ ਅਤੇ ਸੂਰਬੀਰ ਔਰਤਾਂ ਵਾਲਾ ਕਿਰਦਾਰ ਨਿਭਾਉਂਦੀ ਹੋਈ ਆਪਣੀ ਜਾਨ ਨੂੰ ਤਲੀ ਤੇ ਧਰਕੇ ਕੇ ਵੀ ਇਕ ਆਗੂ ਅਤੇ ਅਸਲੀਅਤ ਤੋਂ ਜਾਣੂ ਮਨੁੱਖ ਨੂੰ ਬਚਾ ਲੈਂਦੀ ਹੈ। ਨਾਵਲਕਾਰ ਆਪਣੀ ਇਸ ਬਲਵਾਨ ਵਿਚਾਰਧਾਰਾ ਕਿ ਔਰਤ 'ਅਬਲਾ' ਨਹੀਂ ਹੈ, ਸਗੋਂ ਸ਼ਕਤੀ ਹੈ ਜਿਸ ਨੂੰ ਕਿਸੇ ਦੇ ਮੌਢੇ ਦਾ ਭਾਰ ਬਣਨ ਦੀ ਬਜਾਇ ਖੁਦ ਪੈਰਾਂ ਤੇ ਖੜ੍ਹੀ ਹੋਣ ਤੇ ਫ਼ਖ਼ਰ ਮਹਿਸੂਸ ਕਰਦਿਆਂ ਵੇਲਾ ਆਉਣ ਤੇ ਆਪਣੇ ਆਪ ਨੂੰ ਕੁਰਬਾਨ ਕਰਨ ਤੋਂ ਵੀ ਨਹੀਂ ਝਿਜਕਣਾ ਚਾਹੀਦਾ। ਇਸ ਲਈ ਔਰਤ ਆਪਣੇ ਇਸ ਆਦਰਸ਼ ਨੂੰ ਸਾਹਮਣੇ ਰੱਖ ਕੇ ਹੀ ਸਮਾਜ ਵਿਚ ਵਿਸ਼ੇਸ ਸਥਾਨ ਹਾਸਿਲ ਕਰ ਸਕਦੀ ਹੈ। ਇਹ ਯਥਾਰਥ ਹੈ ਕਿ ਜਿੰਨੀ ਜਲਦੀ ਇਕ ਔਰਤ ਸਮਾਜ ਵਿਚ ਪਰਿਵਰਤਨ ਲਿਆ ਸਕਦੀ ਹੈ ਮਰਦ ਉਸਦੇ ਮੁਕਾਬਲਤਨ ਧੀਮੀ ਗਤੀ ਦਾ ਸਮਾਚਾਰ ਬਣਕੇ ਰਹਿ ਜਾਂਦਾ ਹੈ। ਸੋ ਇਸ ਪ੍ਰਕਾਰ ਔਰਤ ਮਰਦ ਦਾ ਪ੍ਰੇਰਨਾ ਸਰੋਤ ਹੋ ਨਿਬੜਦੀ ਹੈ, ਨਾਵਲਕਾਰ ਕਰਮਜੀਤ ਨੂੰ ਭਵਾਨੀ ਦੇ ਕਿਰਦਾਰ ਵਿਚ ਪੇਸ਼ ਕਰਕੇ ਸਮਾਜ ਦੀਆਂ ਬਾਕੀ ਔਰਤਾਂ ਲਈ ਇਕ ਨਵੇਂ ਸੰਕਲਪ ਨੂੰ ਵਿਸਤਾਰਦਾ ਹੈ ਜੋ ਉਸਦਾ ਅਦੇਸ਼ ਹੈ ਤੇ ਜਿਸ ਵਿਚ ਉਹ ਕਾਮਯਾਬ ਵੀ ਹੋਇਆ ਹੈ।

1. ਜਸਵੰਤ ਸਿੰਘ ਕੰਵਲ, ਭਵਾਨੀ, ਪੰਨਾ 124
2. ਉਹੀ, ਪੰਨਾ 117
3. ਉਹੀ ਪੰਨਾ 69
4. ਉਹੀ ਪੰਨਾ 85
5. ਉਹੀ ਪੰਨਾ 86
6. ਉਹੀ ਪੰਨਾ 108
7. ਉਹੀ ਪੰਨਾ 133